
# ਸੁਤੰਤਰਤਾ ਅੰਦੋਲਨ ਅਤੇ ਆਰਐੱਸਐੱਸ

## ਇਕ ਦਾਸਤਾਂ ਗ਼ੱਦਾਰੀ ਦੀ




ਸ਼ਮਸੁਲ ਇਸਲਾਮ

ਅਨੁਵਾਦਕ : ਹਰਜੋਤ

# ਸੁਤੰਤਰਤਾ ਅੰਦੋਲਨ ਅਤੇ ਆਰਐੱਸਐੱਸ

## (ਇਕ ਦਾਸਤਾਂ ਗ਼ੱਦਾਰੀ ਦੀ)

ਲੇਖਕ : ਸ਼ਮਸੁਲ ਇਸਲਾਮ

ਅਨੁਵਾਦਕ : ਹਰਜੋਤ

WHITE CROW PUBLISHERS

# Sutantarta Andolan Ate RSS

## (Ik Daastan Gadaari Di)

by

**Shamsul Islam ©**

notoinjustice@gmail.com

Translation by

**Harjot**

Cont. - 9876922503

harjotsingh.hs53@gmail.com

**ISBN : 978-81-953598-0-6**

**First Edition : 2022**

**Price : 99 /-**

**Type Setting**

Sandeep - 9872490325

Published by

**White Crow Publishers**

**Mohali**

Cont. 9780909077

info@whitecrowpublishers. com

www. whitecrowpublishers. com

fb. com/whitecrowpublishers

Printed by : **Aarna press, Patiala**

Contact : **99148-40666**

All rights are reserved for this Punjabi translation. So, legal action will be taken against any person who possesses or forwards it in any way, like Photocopy / Pdf form , without the written permission of the publisher or the author.

# ਭੂਮਿਕਾ

ਰਾਸ਼ਟਰੀ ਸਵੈ-ਸੇਵਕ ਸੰਘ ਅੱਜ ਭਾਰਤ ਦੇਸ਼ ਵਿਚ ਰਾਸ਼ਟਰਵਾਦ ਦਾ ਇੱਕ ਮਹਾਨ ਅਵਤਾਰ ਹੋਣ ਦਾ ਦਾਅਵਾ ਕਰਦਾ ਹੈ। ਧਰਮ ਦੀ ਜ਼ਹਿਰੀਲੀ ਚਾਸ਼ਨੀ ਵਿਚ ਲਿਪਟੇ ਸੰਘ ਪਰਿਵਾਰ ਦੇ ਇਸ ਰਾਸ਼ਟਰਵਾਦ ਨੂੰ ਭਾਰਤ ਵਿਚ ਦੇਸ਼ਭਗਤੀ ਦਾ ਸਮਾਨਾਰਥੀ ਸ਼ਬਦ ਬਣਾਉਣ ਲਈ ਲਗਾਤਾਰ ਇੱਕ ਠੋਸ ਅਭਿਆਨ, ਖ਼ਾਸ ਤੌਰ 'ਤੇ 1998 ਵਿਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਸਰਕਾਰ ਬਣਨ ਤੋਂ ਬਾਅਦ, ਜਾਰੀ ਹੈ। ਉਹ ਸਾਰੇ ਲੋਕ, ਜੋ ਸੰਘ ਦੀ ਹਿੰਦੂਤਵ ਦੀ ਰਾਜਨੀਤੀ ਦਾ ਵਿਰੋਧ ਕਰਦੇ ਹਨ, ਰਾਸ਼ਟਰਧ੍ਰੋਹੀ ਕਰਾਰ ਦਿੱਤੇ ਜਾ ਰਹੇ ਹਨ। ਅਤੇ ਇਹ ਸਭ ਕੁਝ ਆਰਐੱਸਐੱਸ ਦੇ ਰਾਸ਼ਟਰਵਾਦੀ ਦਾਅਵਿਆਂ ਨੂੰ ਉਨ੍ਹਾਂ ਵਿਅਕਤੀਆਂ ਅਤੇ ਸੰਗਠਨਾਂ ਦੁਆਰਾ ਚੁਣੌਤੀ ਦਿੱਤੇ ਜਾਣ ਦੇ ਬਾਵਜੂਦ ਹੋ ਰਿਹਾ ਹੈ, ਜੋ ਭਾਰਤ ਦੇ ਸੁਤੰਤਰਤਾ ਅੰਦੋਲਨ ਦਾ ਹਿੱਸਾ ਰਹੇ ਹਨ ਅਤੇ ਜਿਨ੍ਹਾਂ ਨੇ ਬ੍ਰਿਟਿਸ਼ ਹਕੂਮਤ ਦੇ ਹੱਦ ਦਰਜੇ ਦੇ ਜ਼ੁਲਮ ਦਾ ਸਾਹਮਣਾ ਕੀਤਾ ਹੈ। ਸੁਤੰਤਰਤਾ ਅੰਦੋਲਨ ਦੇ ਦੌਰਾਨ ਆਰਐੱਸਐੱਸ ਦੀ ਵਿਸ਼ਵਾਸਘਾਤੀ ਭੂਮਿਕਾ ਦਾ ਪਰਦਾਫ਼ਾਸ਼ ਕਰਨ ਵਾਲੀ ਲੇਖਨ ਸਮੱਗਰੀ ਦਾ ਕੋਈ ਘਾਟਾ ਨਹੀਂ ਹੈ। ਅਜਿਹੇ ਵਿਚ ਆਰਐੱਸਐੱਸ ਦੇ ਆਪਣੇ ਆਰਕਾਈਵਜ਼ (ਪੁਰਾਣੀਆਂ ਲਿਖਤਾਂ) ਵਿਚ ਉਸ ਕਾਲਖੰਡ ਬਾਰੇ ਉਪਲਬਧ ਤੱਥਾਂ ਦਾ ਸੰਕਲਨ ਕਰਕੇ ਸੁਤੰਤਰਤਾ ਅੰਦੋਲਨ ਦੇ ਉਸ ਯੁੱਗ ਦੇ ਸੱਚ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਇਸ ਕਿਤਾਬ ਵਿਚ ਕੀਤੀ ਗਈ ਹੈ। ਲੇਖਕ ਦਾ ਉਦੇਸ਼ ਇਹ ਰਿਹਾ ਹੈ ਕਿ ਆਰਐੱਸਐੱਸ ਦੇ ਆਪਣੇ ਹੀ ਦਸਤਾਵੇਜ਼ਾਂ ਦੇ ਰਾਹੀਂ ਸੱਚ ਨੂੰ ਸਾਹਮਣੇ ਲਿਆਂਦਾ ਜਾਵੇ। ਇਸ ਕਿਤਾਬ ਨਾਲ ਉਨ੍ਹਾਂ ਲੋਕਾਂ ਨੂੰ ਸਦਮਾ ਲੱਗ ਸਕਦਾ ਹੈ, ਜਿਨ੍ਹਾਂ ਨੂੰ ਵਰਗਲਾਇਆ ਗਿਆ ਹੈ ਕਿ ਅਜ਼ਾਦੀ ਦੀ ਲੜਾਈ ਵਿਚ ਆਰਐੱਸਐੱਸ ਦੀ ਵੀ ਇੱਕ ਭੂਮਿਕਾ ਰਹੀ ਹੈ। ਉਹ ਘੋੜੇ ਦੀ ਜ਼ੁਬਾਨੀ ਭਾਵ ਖ਼ੁਦ ਆਰਐੱਸਐੱਸ ਦੇ ਮੂੰਹੋਂ ਇਹ ਸੱਚ ਜਾਣ ਸਕਦੇ ਹਨ ਕਿ ਕਿਵੇਂ ਵਿਦੇਸ਼ੀ ਹਕੂਮਤ ਦੀਆਂ ਬਹੁਤ ਸਾਰੀਆਂ ਬੁਰਾਈਆਂ ਦੇ ਮਾਮਲਿਆਂ ਵਿਚ ਉਨ੍ਹਾਂ ਲੋਕਾਂ ਨੇ ਖ਼ਾਮੋਸ਼ੀ ਅਪਣਾਈ ਹੋਈ ਸੀ ਅਤੇ ਕਿਵੇਂ ਬ੍ਰਿਟਿਸ਼ ਸਾਮਰਾਜਵਾਦ ਦੇ ਖਿਲਾਫ਼ ਭਾਰਤ ਦੀ ਲੜਾਈ ਵਿਚ ਉਨ੍ਹਾਂ ਨੇ ਅੰਦਰ ਤੱਕ ਧੋਖਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਇਸ ਕਿਤਾਬ ਦੇ ਨਾਲ ਸੁਤੰਤਰਤਾ ਅੰਦੋਲਨ ਵਿਚ ਸ਼ਾਮਲ ਹੋਣ ਦੇ ਮੁੱਦੇ ਉੱਤੇ ਆਰਐੱਸਐੱਸ ਦੇ ਆਗੂਆਂ ਦੇ ਭਾਸ਼ਣਾਂ ਅਤੇ ਲੇਖਨ ਦੀ ਇੱਕ ਸੰਦਰਭ ਸੂਚੀ ਨੱਥੀ ਹੈ, ਜਿਸ ਨਾਲ ਭਾਰਤ ਦੇ ਮਹਾਨ ਸਾਮਰਾਜਵਾਦ ਵਿਰੋਧੀ ਸੰਗਰਾਮ ਦੇ ਵੱਖ-ਵੱਖ ਫ਼ੈਸਲਾਕੁੰਨ ਪੜਾਵਾਂ ਉੱਤੇ ਆਰਐੱਸਐੱਸ ਦੇ ਆਗੂਆਂ ਦੇ ਰਵੱਈਏ ਅਤੇ ਉਨ੍ਹਾਂ ਦੀ ਹਿੱਸੇਦਾਰੀ ਬਾਰੇ ਜਾਣਿਆ ਜਾ ਸਕਦਾ ਹੈ। ਕਿਤਾਬ ਦੇ ਅੰਤ ਵਿਚ ਇਹ ਸੰਦਰਭ ਸੂਚੀ ਦਿੱਤੀ ਗਈ ਹੈ।

ਮੈਂ ਡਾ. ਡੀ. ਆਰ. ਗੋਇਲ, ਜੋ ਹੁਣ ਇਸ ਦੁਨੀਆ ਵਿਚ ਨਹੀਂ ਹਨ, ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੈਨੂੰ ਇਸ ਅਧਿਐਨ ਦੇ ਲਈ ਪ੍ਰੇਰਿਤ ਕੀਤਾ। ਉਹ ਕਦੇ ਆਰਐੱਸਐੱਸ ਦੇ ਕਾਰਜਕਰਤਾ ਸਨ ਅਤੇ ਇਸ ਲਿਹਾਜ਼ ਤੋਂ ਇਸ ਹਿੰਦੂਤਵਵਾਦੀ ਸੰਗਠਨ ਦੇ ਅਨੇਕ ਮਹੱਤਵਪੂਰਨ ਰਾਸ਼ਟਰਵਿਰੋਧੀ ਦਸਤਾਵੇਜ਼ਾਂ ਬਾਰੇ ਉਨ੍ਹਾਂ ਨੂੰ ਪਤਾ ਸੀ। ਉਨ੍ਹਾਂ ਨੇ ਆਰਐੱਸਐੱਸ ਨੂੰ ਉਸ ਦੀ ਸੰਪੂਰਨਤਾ ਵਿਚ ਸਮਝਣ ਲਈ ਮੇਰਾ ਮਾਰਗਦਰਸ਼ਨ ਕੀਤਾ। ਸੰਪਰਦਾਇਕ ਰਾਜਨੀਤੀ ਦੇ ਖਿਲਾਫ਼ ਡਟਵੀਂ ਲੜਾਈ ਲੜਨ ਵਾਲੀ ਸੁਭੱਦਰਾ ਜੋਸ਼ੀ ਦਾ ਲੇਖਨ ਕੱਟੜਪੰਥੀ ਧਾਰਮਿਕ ਸੰਗਠਨਾਂ ਉੱਤੇ ਅਧਿਐਨ ਕਰਨ ਵਾਲੇ ਮੇਰੇ ਜਿਹੇ ਖੋਜਾਰਥੀ ਲਈ ਜਾਣਕਾਰੀ ਦਾ ਮਹੱਤਵਪੂਰਨ ਸ੍ਰੋਤ ਰਿਹਾ ਹੈ। ਇੱਕ ਹੋਰ ਖ਼ਾਸ ਦੋਸਤ, ਅਨਿਲ ਨੌਰੀਆ, ਜੋ ਸੰਪਰਦਾਇਕ ਰਾਜਨੀਤੀ ਉੱਤੇ ਖ਼ੁਦ ਇਨਸਾਈਕਲੋਪੀਡੀਆ ਜਿਹੇ ਹਨ, ਵਿਸਤ੍ਰਿਤ ਤੇ ਸੂਖ਼ਮ ਵੇਰਵਿਆਂ ਦੇ ਨਾਲ ਹਮੇਸ਼ਾ ਹੀ ਮਦਦ ਕਰਨ ਲਈ ਮੌਜੂਦ ਰਹੇ ਹਨ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਮੈਂ ਆਪਣੀ ਪਤਨੀ ਨੀਲਿਮਾ ਸ਼ਰਮਾ, ਬੇਟੀ ਸ਼ੀਰੀਂ ਅਤੇ ਜਵਾਈ ਸਮੀਰ ਦੋਸਾਨੀ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਤੱਥਾਂ ਨੂੰ ਇਕੱਠਾ ਕਰਨ ਅਤੇ ਇਸ ਕੰਮ ਦੀ ਸੋਧ ਕਰਨ ਵਿਚ ਮੇਰੀ ਮਦਦ ਕੀਤੀ ਹੈ। ਮੈਂ ਜੋਸ਼ੀ-ਅਧਿਕਾਰੀ ਸਮਾਜਿਕ ਅਧਿਐਨ ਸੰਸਥਾ ਦੇ ਪ੍ਰੋਫ਼ੈਸਰ ਅਮਰ ਫ਼ਾਰੂਕੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮਸੌਦੇ ਉੱਤੇ ਵੱਖ-ਵੱਖ ਸੁਝਾਅ ਅਤੇ ਵਿਚਾਰ ਦਿੱਤੇ।

**-ਸ਼ਮਸੁਲ ਇਸਲਾਮ**
notoinjustice@gmail.com

*

# ਸੁਤੰਤਰਤਾ ਅੰਦੋਲਨ ਵਿਚ ਆਰਐੱਸਐੱਸ ਦੀ ਭੂਮਿਕਾ ਘੜਨ ਦੀ ਮੁਹਿੰਮ

ਨਵੀਂ ਦਿੱਲੀ ਵਿਚ ਲਾਲ ਕਿਲ੍ਹੇ 'ਤੇ ਕਿਸੇ ਦਿਨ ਹਿੰਦੂ ਰਾਸ਼ਟਰ ਦਾ ਭਗਵਾ ਝੰਡਾ ਲਹਿਰਾਉਣ ਦੇ ਸੁਪਨੇ ਨਾਲ 1998 ਤੋਂ 2004 ਤੱਕ ਭਾਰਤ ਦੇ ਪ੍ਰਧਾਨ ਮੰਤਰੀ ਰਹੇ ਅਟਲ ਬਿਹਾਰੀ ਵਾਜਪਾਈ ਨੇ 18 ਮਾਰਚ, 1999 ਨੂੰ ਨਵੀਂ ਦਿੱਲੀ ਵਿਚ ਸੁਤੰਤਰਤਾ ਸੈਨਾਨੀ ਅਤੇ ਰਾਸ਼ਟਰੀ ਸਵੈ-ਸੇਵਕ ਸੰਘ ਦੇ ਸੰਸਥਾਪਕ ਡਾ. ਕੇ. ਬੀ. ਹੈਡਗੇਵਾਰ ਦੀ 110ਵੀਂ ਜਯੰਤੀ ਦੇ ਮੌਕੇ ਉੱਤੇ ਸਮਾਰਕ ਡਾਕ ਟਿਕਟ ਜਾਰੀ ਕੀਤੀ। ਭਾਰਤ ਦੀ ਅਜ਼ਾਦੀ ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਆਰਐੱਸਐੱਸ ਦੇ ਸੰਸਥਾਪਕ ਜਾਂ ਇਸ ਸੰਗਠਨ ਦੇ ਕਿਸੇ ਆਗੂ ਦੇ ਜਨਮਦਿਨ 'ਤੇ ਸਮਾਰਕ ਟਿਕਟ ਜਾਰੀ ਕੀਤੀ ਗਈ। ਇਸ ਮੌਕੇ 'ਤੇ ਤਤਕਾਲੀ ਪ੍ਰਧਾਨ ਮੰਤਰੀ ਨੇ ਸਮਾਰੋਹ ਵਿਚ ਹਾਜ਼ਰ ਮੁੱਖ ਤੌਰ 'ਤੇ ਆਰਐੱਸਐੱਸ ਦੇ ਸਵੈ-ਸੇਵਕਾਂ ਦੀ ਭੀੜ ਨੂੰ ਸੰਬੋਧਨ ਕਰਦਿਆਂ ਇਸ ਡਾਕ ਟਿਕਟ ਨੂੰ ਜਾਰੀ ਕਰਨ ਦਾ ਸਿਹਰਾ ਲੈਣ ਦੇ ਨਾਲ ਹੀ, ਕਿਹਾ ਕਿ ਮਹਾਨ ਸੁੰਤਤਰਤਾ ਸੈਨਾਨੀ ਅਤੇ ਦੇਸ਼ਭਗਤ ਡਾ. ਹੈਡਗੇਵਾਰ ਨੂੰ ਭਾਰਤੀ ਸੁੰਤਤਰਤਾ ਸੰਗਰਾਮ ਦੇ ਇਤਿਹਾਸ ਵਿਚ ਢੁਕਵਾਂ (ਮੁਨਾਸਬ) ਸਥਾਨ ਨਹੀਂ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਸਰਕਾਰ ਹੁਣ ਇਸ ਗਲਤੀ ਨੂੰ ਸੁਧਾਰ ਰਹੀ ਹੈ। ਤਤਕਾਲੀ ਸੰਘ ਪ੍ਰਮੁੱਖ ਰਾਜੇਂਦਰ ਸਿੰਘ ਅਤੇ ਤਤਕਾਲੀ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਵੀ ਇਸ ਮੌਕੇ 'ਤੇ ਆਪਣੇ ਭਾਵ ਪ੍ਰਗਟ ਕਰਦਿਆਂ ਡਾ. ਹੈਡਗੇਵਾਰ ਨੂੰ ਮਹਾਨ ਕ੍ਰਾਂਤੀਕਾਰੀ ਦੱਸਿਆ।[1]

ਇੱਥੇ ਫ਼ਿਲਹਾਲ ਇਸ ਬਹਿਸ ਵਿਚ ਜਾਏ ਬਿਨਾ ਕਿ ਕੀ ਮਹਾਂਬਲੀ ਬ੍ਰਿਟਿਸ਼ ਹਕੂਮਤ ਦੀ ਸ਼ਕਤੀ ਨੂੰ ਚੁਣੌਤੀ ਦੇਣ ਵਾਲੇ ਕ੍ਰਾਂਤੀਕਾਰੀ ਅਤੇ ਸੁਤੰਤਰਤਾ ਸੈਨਾਨੀ ਇਸ ਸਰਕਾਰ ਜਾਂ ਇੰਝ ਕਹੀਏ ਕਿ ਕਿਸੇ ਹੋਰ ਸਰਕਾਰ ਦੇ ਸਨਮਾਨ ਦੇ ਮੁਹਤਾਜ ਹੁੰਦੇ ਹਨ ਜਾਂ ਨਹੀਂ, ਇਸ ਘਟਨਕ੍ਰਮ ਦਾ ਕੁੱਲ ਸੱਚ ਇਹ ਸੀ ਕਿ ਤਤਕਾਲੀ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਆਰਐੱਸਐੱਸ ਦੇ ਪ੍ਰਮੁੱਖ ਆਪਣਾ ਇਤਿਹਾਸ ਘੜ ਰਹੇ ਸਨ ਅਤੇ ਇਸ ਸਿਲਸਿਲੇ ਵਿਚ ਬੇਈਮਾਨੀ ਵੀ ਕਰ ਰਹੇ ਸਨ। ਉਹ ਅਜ਼ਾਦੀ ਤੋਂ ਪਹਿਲਾਂ ਆਰਐੱਸਐੱਸ ਜਿਸ ਰਾਜਨੀਤਕ ਪ੍ਰਵਿਰਤੀ ਦੀ ਪੇਸ਼ਕਾਰੀ ਕਰ ਰਿਹਾ ਸੀ, ਉਸਨੂੰ ਉਪਨਿਵੇਸ਼ਵਾਦ-ਵਿਰੋਧੀ ਸੰਘਰਸ਼ ਦੇ ਤੌਰ 'ਤੇ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਜਦੋਂ ਕਿ, ਆਰਐੱਸਐੱਸ ਦਰਅਸਲ ਭਾਰਤੀ ਜਨਤਾ ਦੇ ਸਾਮਰਾਜਵਾਦ ਵਿਰੋਧੀ ਸੰਗਰਾਮ ਦਾ ਹਿੱਸਾ ਕਦੇ ਨਹੀਂ ਰਿਹਾ ਹੈ। ਇਸ ਦੇ ਉਲਟ ਸੱਚ ਇਹ ਹੈ ਕਿ 1925 ਵਿਚ ਆਪਣੀ ਸ਼ੁਰੂਆਤ ਤੋਂ ਹੀ ਆਰਐੱਸਐੱਸ ਆਪਣੀ ਪਛਾਣ ਹਿੰਦੂ ਰਾਸ਼ਟਰਵਾਦੀ ਸੰਗਠਨ ਦੇ ਤੌਰ